੧ ੴ ਵਾਹਿਗੁਰੂ ਜੀ ਕੀ ਫ਼ਤਹ ॥

# ਇਤਿਹਾਸ



23

## ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ

## ਪਾ: ੮ (ਅਠਵੀਂ) ਜ਼ਿਲਾ ਅੰਬਾਲਾ

ਗੁਰਬਾਣੀ ਪ੍ਰਿੰਟਿੰਗ ਪ੍ਰੈਸ, ਸ਼ਾਹਪੁਰ (ਅੰਬਾਲਾ)
ਫੋਨ : ੨੦੭੪੮

ੴ ਵਾਹਿਗੁਰੂ ਜੀ ਕੀ ਫ਼ਤਹ ॥

# ਇਤਿਹਾਸ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ

ਸ੍ਰੀ ਹਰਿ ਕ੍ਰਿਸ਼ਨ ਧਿਆਇਐ ॥ ਜਿਸੁ ਡਿਠੈ ਸਭ ਦੁਖ ਜਾਇ ॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੇ, ਸ੍ਰੀ ਸਤਿਗੁਰ ਹਰਿ ਰਾਇ ਸਾਹਿਬ ਜੀ ਮਹਾਰਾਜ ਦੇ ਘਰ ੧੭੧੩ ਬਿਕ੍ਰਮੀ ਸਾਵਨ ਵਦੀ ੯ ਕੀਰਤਪੁਰ ਵਿਖੇ ਤਿੰਨ ਘੜੀ ਦੇ ਅੰਮ੍ਰਿਤ ਵੇਲੇ ਮਾਤਾ ਕ੍ਰਿਸ਼ਨ ਜੀ ਦੀ ਕੁੱਖੋਂ, ਅਵਤਾਰ ਧਾਰਿਆ। ਚਾਰ ਚੁਫੇਰੇ ਸੂਰਜ ਵੱਤ ਪ੍ਰਕਾਸ਼ ਹੋਇਆ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਨਾਮ ਸ੍ਰੀ ਹਰਿਕ੍ਰਿਸ਼ਨ ਜੀ ਰਖਿਆ ਸਨੇ ਸਨੇ ਬਾਲ ਲੀਲਾ ਕਰਦੇ ਤਕੜੇ ਹੋ ਗਏ। ਬਾਣੀ ਦਾ ਪਾਠ ਪੋਥੀ ਤੋਂ ਕਰਨ ਲਗ ਪਏ। ਪੰਜ ਸਾਲ ਦੀ ਅਵਸਥਾ ਵਿੱਚ ਬਾਣੀ ਦੇ ਪ੍ਰੇਮ ਕਰਕੇ ਸਤਵੇਂ ਪਾਤਿਸ਼ਾਹ ਨੇ ਗੁਰਿਆਈ ਦੇ ਲਾਇਕ ਜਾਣਕੇ ਗੁਰਤਾ ਦੀ ਗੱਦੀ ਸ੍ਰੀ ਹਰਿਕ੍ਰਿਸ਼ਨ ਜੀ ਨੂੰ ੧੭੧੮ ਕਤਕ ਵਦੀ ੯ ਨੂੰ ਬਖਸ਼ੀ। ਪਾਤਿਸ਼ਾਹੀ ੮ ਵੀਂ ਨੇ ਗੁਰਿਆਈ ਦੀ ਗੱਦੀ ਪਾ ਕੇ ਅਨੰਤ ਜੀਵਾਂ ਦਾ ਉਦਾਰ ਕੀਤਾ। ਜਿਵੇਂ ਸੂਰਜ ਅੰਧੇਰਾ ਚੁਕ ਦਿੰਦਾ ਹੈ, ਤਿਵੇਂ ਮਹਾਰਾਜ ਨੇ ਬਾਲਕ ਅਵਸਥਾ ਵਿੱਚ ਹੀ ਸਤਿਨਾਮ ਦਾ ਉਪਦੇਸ਼ ਦੇ ਕੇ ਸਿਖਾਂ ਦੇ ਅਗਿਆਨ ਦਾ ਅੰਧੇਰਾ ਮੇਟ ਦਿਤਾ। ਸਰਬ ਸ਼ਕਤੀ ਦੇ ਮਾਲਕ ਦੇ ਪਾਸ ਚਾਰੋਂ ਤਰਫ਼ ਦੀਆਂ ਸੰਗਤਾਂ ਆ ਕੇ ਮਨ ਬਾਂਛਤ ਫਲ ਪਾਉਂਦੀਆਂ ਹਨ। ਪਹਿਲੇ ਸਤਿਗੁਰਾਂ ਦੇ ਸਾਰੇ ਸਿੱਖ ਆਉਂਦੇ ਹਨ, ਕ੍ਰਿਪਾ ਦ੍ਰਿਸ਼ਟੀ ਕਰਕੇ ਸਭ ਨੂੰ ਨਿਹਾਲ ਕਰਦੇ ਹਨ। ਪਹਾੜੀ ਰਾਜਿਆਂ ਦੇ ਪੁਤਰ ਮਹਾਰਾਜ ਦੇ ਦਰਸ਼ਨ ਕਰਕੇ ਸਿੱਖ ਹੋ

ਗਏ । ਇਕ ਜਸਵੰਤ ਚੋਰ ਤੋਂ ਚੋਰੀ ਛਡਵਾ ਕੇ ਸਿਖੀ ਬਖ਼ਸ਼ੀ । ਗੈਂਦਾ ਮਲ ਨੂੰ ਜੂਏ ਤੇ ਸ਼ਰਾਬ ਤੋਂ ਹਟਾ ਦਿੱਤਾ । ਨੰਦੂ ਚੰਦ ਪੈਂਚ ਵੇਸਵਾ ਦੇ ਘਰੋਂ ਬਚਾਏ । ਜਗਨਾ ਕਸਾਈ; ਭਰਤਪੁਰ ਦਾ, ਕਸਾਈ ਪੁਣੇ ਤੋਂ ਹਟਾਇਆ । ਭੋਲਾ, ਜੰਜੀ, ਫਕੀਰੀਆ ਤੇ ਸੰਗਤਾ ਚਾਰੇ ਹੁਸ਼ਿਆਰ-ਪੁਰ ਦੇ ਰਹਿਣ ਵਾਲੇ ਤਮਾਕੂ ਪੀਣ ਤੋਂ ਹਟਾਏ । ਨਈਆ ਸੁਗੜ ਮੋਨੇ ਦੇ ਕੇਸ ਰਖਵਾਏ । ਰਾਜਾ ਰਾਮ ਰੋਪੜ ਦਾ ਧੀਆਂ ਮਾਰਨ ਤੋਂ ਹਟਾਇਆ । ਇਉਂ ਬਹੁਤ ਸਿੱਖ ਤਾਰੇ । ਭਾਈ ਸੰਤ ਰਾਮ, ਗੁਰਬਖ਼ਸ਼, ਸਦਾ ਮੱਲ, ਸਤੀ ਰਾਮ, ਲਾਲ ਰਾਮ, ਨੂਰ ਦੀਨ, ਮਾਲਾ ਸ਼ੇਖ ਤੇ ਮੁਹੰਮਦ ਬਖ਼ਸ਼, ਇਹ ਰੋਪੜ ਦੇ ਸਨਮੁਖ ਸਿੱਖ ਹੋਏ ਹਨ । ਸੰਗਤੀਆਂ, ਸ਼ਾਹੀ ਰਾਮ, ਪੰਜਾਬਾ, ਭੀਮ ਚੰਦ, ਬਿਸੰਤਰ ਦਿਆਲ ਮਹੇਸ, ਸਜਨ, ਗਜਨ, ਰਾਮਾ ਤੇ ਕਾਹਨਾ ਆਦਿ ਬ੍ਰਹਮ ਗਿਆਨੀ ਹੋਏ ਹਨ । ਇਹ ਗੁਰਮੁਖ ਸਿਖ ਨਵਾਂ ਸ਼ਹਿਰ ਦੇ ਸਨ । ਇਕ ਦਿਨ ਗੁਰੂ ਜੀ ਪਾਲਕੀ ਸਵਾਰ ਹੋ ਕੇ ਦਿਓ ਦਾ ਉਧਾਰ ਕਰਕੇ, ਇਕ ਕੁਸਿਟੀ ਬ੍ਰਾਹਮਣ ਦਾ ਕਿਰਪਾ ਦ੍ਰਿਸ਼ਟੀ ਨਾਲ ਕੋਹੜ ਮੇਟ ਦਿਤਾ । ਦੋ ਸਾਲ ਕੀਰਤਪੁਰ ਰਹਿ ਕੇ ਸੰਗਤਾਂ ਨੂੰ ਤਾਰਿਆ । ਰਾਮ ਰਾਏ ਜੋ ਤੁਕ ਉਲਟਾਉਣ ਕਰਕੇ ਬੇ-ਮੁਖ ਹੋ ਚੁਕਾ ਸੀ, ਔਰੰਗਜ਼ੇਬ ਨੂੰ ਸਿਖਾ ਕੇ ਪਾ: ੮ਵੀਂ ਦੀਆਂ ਕਰਾਮਾਤਾਂ ਦੇਖਣੀਆਂ ਚਾਹੁੰਦਾ ਸੀ । ਅਠਵੇਂ ਪਾਤਸ਼ਾਹ ਦਾ ਪ੍ਰਣ ਸੀ ਕਿ ਔਰੰਗੇ ਨੂੰ ਨਾ ਤਾਂ ਆਪ ਦੇਖਣਾ ਅਤੇ ਨਾ ਹੀ ਦਰਸ਼ਨ ਦੇਣੇ । ਜੈ ਸਿੰਘ ਸਵਾਹੀ ਦੇ ਪਰਸ ਰਾਮ ਪ੍ਰਧਾਨ ਨੇ ਗੁਰੂ ਜੀ ਨੂੰ ਬੇਨਤੀ ਕਰਕੇ ਦਿੱਲੀ ਜਾਣਾ ਮਨਾ ਲਿਆ ਮਹਾਰਾਜ ਨੇ ਪਾਲਕੀ ਸਵਾਰ ਹੋ ਕੇ ਕੀਰਤਪੁਰੋਂ ਚਲਦੇ ਚਲਦੇ ਸ੍ਰੀ ਪੰਜੋਖਰਾ ਸਾਹਿਬ ਵੀ ਆਣ



ਡੇਰਾ ਕੀਤਾ । ਸਭ ਸੰਗਤ ਨਾਲ ਹੀ ਆਈ ਤੇ ਹੋਰ ਕਾਬਲ ਤੋਂ ਸੰਗਤ ਨੇ ਦਰਸ਼ਨ ਪਾਏ । ਗੁਰੂ ਜੀ ਨੇ ਰੇਤੇ ਦਾ ਢੇਰ ਲਾ ਕੇ ਨਿਸ਼ਾਨ ਗੱਡਿਆ । ਆਪ ਤਖ਼ਤ ਤੇ ਬੈਠੇ ਤੇ ਬਚਨ ਕੀਤਾ ਜੋ ਕਿਸੇ ਨੇ ਸਾਨੂੰ ਅਰਪਨਾ ਹੈ ਉਹ ਇਸ ਜਗ੍ਹਾ ਭੇਟਾ ਕਰੇ, ਲੰਗਰ ਚਲਾਵੇ, ਅਸੀਂ ਪ੍ਰਵਾਨ ਕਰਾਂਗੇ । ਅਸਾਨੂੰ ਸਦਾ ਅੰਗ ਸੰਗ ਜਾਨਣਾ । ਅੱਗੇ ਦਿੱਲੀ ਨੂੰ ਸਾਡੇ ਨਾਲ ਪੰਜ ਸਿਖ, ਭਾਈ ਸੰਤ ਰਾਮ ਸੰਗਤੀਆ, ਸਤੀ ਰਾਮ, ਭਾਈ ਗੁਰਦਿੱਤਾ ਬ੍ਰਿਧ ਬੰਸ ਦਾ, ਭਾਈ ਗੁਰਬਖ਼ਸ਼ ਅਤੇ ਮਾਤਾ ਕ੍ਰਿਸ਼ਨ ਕੌਰ ਜੀ, ਜਾਣਗੇ । ਬਾਕੀ ਸਾਰੀ ਸੰਗਤ ਪਿਛੇ ਆਪਣੇ ਘਰੀਂ ਜਾਵੇ, ਨਾਮ ਜਪੇ । ਇਓਂ ਆਗਿਆ ਕੀਤੀ । ਇਕ ਸਿੱਖ ਨੂੰ ਬੁਖ਼ਾਰ ਹੋਇਆ ਦੇਖ ਕੇ ਸਰੋਵਰ ਵਿਚ ਗੁਰੂ ਜੀ ਨੇ ਚਰਨ ਪਾਏ, ਸਿੱਖ ਨੂੰ ਇਸ਼ਨਾਨ ਕਰਾ ਕੇ ਰਾਜ਼ੀ ਕੀਤਾ ਤੇ ਸਰੋਵਰ ਦਾ ਨਾਮ ਗੁਰੂਸਰ ਰੱਖਿਆ । ਇਕ ਲਾਲ ਨਾਮੀ ਪੰਡਤ ਨੇ ਗੁਰੂ ਜੀ ਦਾ ਦੀਵਾਨ ਦੇਖ ਕੇ ਸਿੱਖਾਂ ਤੋਂ ਪੁਛਿਆ, "ਇਹ ਕੌਣ ਉਤਰੇ ਹੋਏ ਹਨ ?" ਸਿੱਖਾਂ ਨੇ ਕਿਹਾ ਇਹ ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਨ । ਉਤਰ ਸੁਣ ਕੇ ਪੰਡਤ ਨੇ ਭਗਵਤ ਗੀਤਾ ਦੇ ਅਰਥ ਪੁਛੇ । ਗੁਰੂ ਜੀ ਨੇ ਛੱਜੂ ਝੀਵਰ, ਗੁੰਗੇ ਬੋਲੇ ਨੂੰ ਗੁਰੂਸਰ ਵਿਚ ਇਸ਼ਨਾਨ ਕਰਵਾ, ਕਿਰਪਾ ਦ੍ਰਿਸ਼ਟੀ ਕਰ, ਛਟੀ ਸੀਸ ਤੇ ਰੱਖ ਅਰਥ ਕਰਵਾ ਦਿਤੇ । ਪੰਡਤ ਸਿੱਖ ਹੋ ਗਿਆ ਤੇ ਛੱਜੂ ਵੀ ਨਾਮ ਦੇ ਪ੍ਰੇਮ ਵਿਚ ਰੰਗ ਕੇ ਗਿਆਨ ਵਾਨ ਕੀਤਾ । ਫਿਰ ਗੁਰੂ ਜੀ ਦੀ ਕੁਰੂਕਸ਼ੇਤਰ ਆਦਿ ਦੇ ਪੰਡਤਾਂ ਨਾਲ ਸੁਰਤੀਆਂ ਦੀ ਚਰਚਾ ਹੋਈ । ਸਾਰੇ ਪੰਡਤ ਸਿਖ ਬਣੇ । ਗੁਰੂ ਜੀ ਹੌਲੀ ਹੌਲੀ ਦਿੱਲੀ ਆਏ । ਰਾਜਾ ਜੈ ਸਿੰਘ ਪ੍ਰੇਮ ਨਾਲ ਆਪਣੀ ਫੌਜ ਸਮੇਤ

ਗੁਰਾਂ ਨੂੰ ਅਗੇ ਲੈਣ ਆਇਆ। ਚਰਨਾਂ ਤੇ ਸੀਸ ਰੱਖ ਕੇ ਗੁਰਾਂ ਨੂੰ ਬੰਦਨਾ ਕੀਤੀ। ਬੰਗਲੇ ਸਾਹਿਬ ਡੇਰਾ ਕੀਤਾ। ਜੈ ਸਿੰਘ ਦੀ ਰਾਣੀ ਗੋਲੀ ਬਣੀ ਹੋਈ ਫੁਲ ਛਟੀ ਨਾਲ ਦੱਸੀ। ਰਾਜਾ ਰਾਣੀ ਸਿੱਖ ਹੋਏ। ਔਰੰਗੇ ਦਾ ਸ਼ਹਿਜ਼ਾਦਾ ਦਰਸ਼ਨ ਲਈ ਆਇਆ; ਗੁਰਾਂ ਨੇ ਫਲ ਦਿਤੇ। ਔਰੰਗੇ ਨੇ ਦਰਸ਼ਨ ਚਾਹਿਆ, ਗੁਰਾਂ ਦਰਸ਼ਨ ਨਾ ਦਿਤਾ। ਸ਼ਬਦ ਭੇਜ ਦਿਤਾ, ਪੜ੍ਹ ਕੇ ਕਮਾਓ, ਦਰਸ਼ਨ ਦਾ ਫਲ ਹਵੇਗਾ। ਹੈਜ਼ਾ, ਤਾਪ ਆਦਿ ਬੀਮਾਰੀਆਂ ਗੁਰਾਂ ਨੇ ਚਰਨਾਮ੍ਰਿਤ ਨਾਲ ਦੂਰ ਕੀਤੀਆਂ। ਰਾਮ ਰਾਇ ਨੇ ਈਰਖਾ ਕਰ ਕੇ ਸਰਾਪ ਦਿੱਤਾ ਕਿ "ਸੀਤਲਾ ਦੇ ਖਾਜ਼ਾ ਹਨ" ਗੁਰੂ ਜੀ ਨੇ ਅੰਗੀਕਾਰ ਕੀਤਾ। ਸਿੱਖਾਂ ਦੇ ਕਹੇ ਗੁਰੂ ਜੀ ਨੇ ਬਚਨ ਕੀਤਾ ਰਾਮ ਰਾਏ ਜ਼ਿੰਦਾ ਸੜੇਗਾ, ਹਿਰਦਾ ਤਪੇਗਾ ਬੇ-ਓਲਾਦਾ ਜਾਵੇਗਾ। ਰਾਮ ਰਾਏ ਨਾਲ ਇਸੇ ਤਰ੍ਹਾਂ ਹੋਈ। ਗੁਰੂ ਜੀ ਨੇ ਬੁਖਾਰ ਚੜ੍ਹਾਇਆ, ਸੀਤਲਾ ਨਿਕਲੀ ਬਾਹਰ ਬਾਲਾ ਸਾਹਿਬ ਡੇਰੇ ਕੀਤੇ। ਮਾਤਾ ਕ੍ਰਿਸ਼ਨ ਕੌਰ ਦੇ ਚਿੰਤਾ ਕਰਨ ਤੇ ਗੁਰੂ ਜੀ ਸੀਤਲਾ ਤੇ ਤਾਪ ਹਟਾ ਪਹਿਲਾਂ ਵਾਂਗੂੰ ਰਾਜ਼ੀ ਹੋ ਬੈਠੇ, ਸੰਗਤਾਂ ਨੂੰ ਉਪਦੇਸ਼ ਦਿੱਤਾ। ਭਾਣਾ ਮੰਨੋ, ਨਾਮ ਜਪੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹੋ। ਪੰਜ ਪੈਸੇ ਤੇ ਨਰੇਲ ਗੁਰੂ ਤੇਗ ਬਹਾਦਰ ਜੀ ਦਾ ਧਿਆਨ ਧਰ ਕੇ ਗੁਰਿਆਈ ਸੌਂਪੀ। ਭਾਈ ਗੁਰਦਿਤਾ ਲੈ ਕੇ ਬਾਬੇ ਬਕਾਲੇ ਆਇਆ। ਪਾ: ੯ਵੀਂ ਗੁਰਿਆਈ ਲੈ ਕੇ ਅੰਦਰ ਹੀ ਗੁਪਤ ਰਹੇ। ਫੇਰ ਮਖਨ ਸ਼ਾਹ ਨੇ ਪ੍ਰਗਟ ਕੀਤੇ। ਆਪ ਮਹਾਰਾਜ ਜੀ ਸੰਗਤ ਤੋਂ ਕੀਰਤਨ ਕਰਾ ਕੇ ੧੭੨੧ ਚੇਤ ਸੁਦੀ ੧੪ ਨੂੰ ਜੋਤੀ ਜੋਤਿ ਸਮਾਏ। ਆਪਣੇ ਪਰਮ ਧਾਮ, ਸੱਚ ਖੰਡ ਅਸਥਾਨ ਨਿਰੰਕਾਰ ਵਿਖੇ ਅਭੇਦ ਹੋਏ। ਸਾਰੀ ਉਮਰ ੮ ਸਾਲ ੮ ਮਹੀਨੇ ੧੯ ਦਿਨ



ਜਗਤ ਤਾਰਿਆ ਅਤੇ ਗੁਰਿਆਈ ੨ ਬਰਸ ੪ ਮਹੀਨੇ ੧੯ ਦਿਨ ਕੀਤੀ। ਔਰੰਗੇ ਨੇ ਗੁਰੂ ਜੀ ਦੀ ਦੇਹੀ ਦੇ ਦਰਸ਼ਨ ਕਰਨੇ ਚਾਹੇ। ਗੁਰੂ ਜੀ ਨੇ ਦੇਹ ਅਲੋਪ ਕਰ ਲਈ। ਔਰੰਗੇ ਨੂੰ ਬਹੁਤ ਭੈ ਹੋਇਆ। ਕੰਬਦਾ ਡਰਦਾ ਚਲਾ ਗਿਆ। ਪਿਛੋਂ ਸੰਗਤ ਨੂੰ ਦੇਹ ਦਿਸੀ। ਸੰਗਤ ਨੇ ਚੰਦਨ ਦੀ ਚਿਖਾ ਰਚਕੇ, ਇਸ਼ਨਾਨ ਕਰਾ ਕੇ ਬਿਬਾਨ ਬਣਾ ਕੇ ਕੀਰਤਨ ਕਰਕੇ ਸੰਸਕਾਰ ਕੀਤਾ। ਬਾਣੀ ਦਾ ਪਾਠ ਕੀਤਾ। ਅਰਦਾਸ ਕਰ ਪ੍ਰਸਾਦਿ ਵਰਤਾਇਆ। ਜੋੜ ਮੇਲ ਕਰਕੇ ਜਗ ਕੀਤਾ। ਭਾਣਾ ਮੰਨਿਆ। ਦਿੱਲੀ ਵਿੱਚ ਆਪ ਦੇ ਜੋਤੀ ਜੋਤਿ ਸਮਾਉਣ ਦੀ ਯਾਦਗਾਰ ਗੁਰਦੁਆਰਾ ਬਾਲਾ ਸਾਹਿਬ ਜੀ ਹੈ।

ਨੋਟ:-ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਾਘ ਸੁਦੀ ੭ ਨੂੰ ਸ੍ਰੀ ਪੰਖਰਾ ਸਾਹਿਬ ਆਏ ਸਨ। ਇਸ ਲਈ ਹਰ ਸਾਲ ਮਾਘ ਸੁਦੀ ੭, ੮, ੯ ਨੂੰ ਗੁਰਦੁਆਰਾ ਪੰਜੋਖਰਾ ਸਾਹਿਬ ਵਿਖੇ ਭਾਰੀ ਦੀਵਾਨ ਕੀਤੇ ਜਾਂਦੇ ਹਨ।

ਪ੍ਰਕਾਸ਼ਕ :–ਗੁ: ਪ੍ਰ: ਕਮੇਟੀ, ਸ੍ਰੀ ਪੰਜੋਖਰਾ ਸਾਹਿਬ

# ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ

